**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 3243 /ਸੀ.ਓ.ਈ.
ਮਿਤੀ 21/09/2020

## ਜ਼ਰੂਰੀ ਸੂਚਨਾਂ

ਸਾਰੇ ਵਿਦਿਆਰਥੀ ਜੋ 25 ਸਤੰਬਰ, 2020 ਤੋਂ ਸ਼ੁਰੂ ਹੋ ਰਹੀਆਂ ਪ੍ਰੀਖਿਆਵਾਂ ਦੇ ਰਹੇ ਹਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਨਾਂ ਨੇ ਪ੍ਰਸ਼ਨ-ਪੱਤਰ ਦੇ ਕੁਲ ਪ੍ਰਸ਼ਨਾਂ ਵਿੱਚੋਂ ਅੱਧੇ ਪ੍ਰਸ਼ਨ ਹੱਲ ਕਰਨੇ ਹਨ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹੋਣਗੇ ਅਤੇ ਪ੍ਰਸ਼ਨ-ਪੱਤਰ ਦੇ ਕੁਲ ਅੰਕ ਉਹੀ ਹੋਣਗੇ ਜੋ ਪ੍ਰਸ਼ਨ-ਪੱਤਰ ਉੱਪਰ ਅੰਕਿਤ ਹਨ। ਜੇਕਰ ਪ੍ਰਸ਼ਨ-ਪੱਤਰ ਵਿੱਚ ਸੈਕਸ਼ਨ ਬਣੇ ਹੋਏ ਹਨ ਤਾਂ ਇਸ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਜੇਕਰ ਪ੍ਰਸ਼ਨ-ਪੱਤਰ ਵਿੱਚ ਲਾਜਮੀ ਪ੍ਰਸ਼ਨਾਂ ਦੀ ਹਦਾਇਤ ਹੈ ਤਾਂ ਇਸ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਇਸ ਦਾ ਭਾਵ ਹੈ ਕਿ ਕੋਈ ਵੀ ਪ੍ਰਸ਼ਨ ਲਾਜ਼ਮੀ ਨਾ ਮੰਨਿਆ ਜਾਵੇ। ਜੇਕਰ ਪ੍ਰਸ਼ਨ ਦੇ ਸਾਹਮਣੇ ਅੰਕ ਦਰਸਾਏ ਹਨ ਤਾਂ ਇਸ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਜੇਕਰ ਕੁਲ ਪ੍ਰਸ਼ਨਾਂ ਦਾ ਅਧ ਦਸ਼ਮਲਵ ਵਿੱਚ ਆਉਂਦਾ ਹੈ ਤਾਂ ਇਸਨੂੰ ਵੀ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਉਦਾਹਰਣ ਦੇ ਤੌਰ ਤੇ ਜੇਕਰ ਪ੍ਰਸ਼ਨ-ਪੱਤਰ ਵਿੱਚ 03 ਸੈਕਸ਼ਨ ਹਨ ਅਤੇ ਸੈਕਸ਼ਨ-ਏ ਅਤੇ ਸੈਕਸ਼ਨ-ਬੀ ਵਿੱਚ 04-04 ਪ੍ਰਸ਼ਨ ਹਨ ਅਤੇ ਸੈਕਸ਼ਨ-ਸੀ ਵਿੱਚ ਛੋਟੇ ਪ੍ਰਸ਼ਨਾਂ ਵਾਲਾ ਇੱਕ ਪ੍ਰਸ਼ਨ ਹੈ ਅਤੇ ਕੁਲ ਅੰਕ 100 ਹਨ ਤਾਂ ਕੁਲ 09 ਪ੍ਰਸ਼ਨਾਂ ਵਿਚੋਂ ਵਿਦਿਆਰਥੀ ਕੋਈ 04 ਪ੍ਰਸ਼ਨ ਹੱਲ ਕਰੇਗਾ। ਸਾਰੇ ਪ੍ਰਸ਼ਨਾਂ ਦੇ ਨੰਬਰ ਬਰਾਬਰ ਹੋਣਗੇ। ਇਸ ਉਦਾਹਰਣ ਦੇ ਹਿਸਾਬ ਨਾਲ ਹਰ ਪ੍ਰਸ਼ਨ 25 ਨੰਬਰ ਦਾ ਹੋਵੇਗਾ। ਪ੍ਰਸ਼ਨ-ਪੱਤਰਾਂ ਵਿੱਚ ਕੁਲ ਪ੍ਰਸ਼ਨਾਂ ਦੀ ਗਿਣਤੀ ਅਤੇ ਵਿਦਿਆਰਥੀ ਦੁਆਰਾ ਹੱਲ ਕੀਤੇ ਜਾਣ ਵਾਲੇ ਪ੍ਰਸ਼ਨਾਂ ਦੀ ਗਿਣਤੀ ਹੇਠ ਲਿਖੀ ਸਾਰਣੀ ਅਨੁਸਾਰ ਹੋਵੇਗੀ:-

| ਪ੍ਰਸ਼ਨ-ਪੱਤਰ ਵਿੱਚ ਕੁਲ ਪ੍ਰਸ਼ਨ | ਵਿਦਿਆਰਥੀ ਵਲੋਂ ਹੱਲ ਕੀਤੇ ਜਾਣ ਵਾਲੇ ਪ੍ਰਸ਼ਨਾਂ ਦੀ ਗਿਣਤੀ |
|---|---|
| 10 | 05 |
| 09 | 04 |
| 08 | 04 |
| 07 | 03 |
| 06 | 03 |
| 05 | 02 |
| 04 | 02 |

21/9/2020
ਕੰਟਰੋਲਰ (ਪ੍ਰੀਖਿਆਵਾਂ)